# ਸਿਆਸੀ ਪਾਰਟੀਆਂ ਦਾ ਏਜੰਡਾ ਅਤੇ ਲੋਕਾਂ ਦਾ ਏਜੰਡਾ

ਗੁਜਰਾਤ ਵਿਚ ਚੋਣਾਂ ਦਾ ਦੌਰ ਖ਼ਤਮ ਹੋ ਗਿਆ ਹੈ ਅਤੇ ਨਤੀਜੇ ਆ ਗਏ ਹਨ। ਦਸਿਆ ਜਾਂਦਾ ਹੈ ਕਿ ਸੱਠ ਫੀ ਸਦੀ ਵੋਟਰਾਂ ਨੇ ਇਨ੍ਹਾਂ ਚੋਣਾਂ ਵਿਚ ਹਿੱਸਾ ਲਿਆ ਹੈ। ਜਿਸ ਤਰ੍ਹਾਂ ਕਿ ਕਿਆਸ ਲਏ ਜਾ ਰਹੇ ਸਨ, ਬੀ ਜੇ ਪੀ ਇਕ ਬਾਰ ਫਿਰ ਚੋਣਾਂ ਜਿੱਤ ਗਈ ਹੈ। ਹਾਕਮ ਪਾਰਟੀ ਬੀ ਜੇ ਪੀ ਅਤੇ ਇਸਦੇ ਆਗੂ ਨਰੇਂਦਰ ਮੋਦੀ ਨੇ ਚੋਣ ਪ੍ਰਚਾਰ ਦੌਰਾਨ ਡਿਵੈਲਪਮੈਂਟ ਦਾ ਨਾਅਰਾ ਲਾਇਆ ਸੀ ਅਤੇ  ਜਹਾਦੀ  ਅੱਤਵਾਦੀਆਂ ਦਾ ਡਰਾਵਾ ਦਿੱਤਾ ਸੀ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਗੁਜਰਾਤ ਨੇ ਬੀ ਜੇ ਪੀ ਦੇ ਰਾਜ ਦੌਰਾਨ ਅਤੇ ਖ਼ਾਸ ਤੌਰ ਤੇ ਉਸਦੇ ਮੁੱਖ ਮੰਤਰੀ ਦੇ ਦੌਰ ਵਿਚ ਬਹੁਤ ਤਰੱਕੀ ਕੀਤੀ ਹੈ। ਉਸਨੇ ਥਾਂ ਥਾਂ ਤੇ ਪ੍ਰਚਾਰ ਕੀਤਾ ਕਿ ਮੁਸਲਮਾਨ  ਜਹਾਦੀਆਂ ਕੋਲੋਂ ਗੁਜਰਾਤ ਦੀ ਤਰੱਕੀ ਨੂੰ ਬਹੁਤ ਖ਼ਤਰਾ ਹੈ ਅਤੇ ਉਸ ਦੀ ਵਿਰੋਧੀ ਧਿਰ ਕਾਂਗਰਸ ਪਾਰਟੀ  ਜਹਾਦੀਆਂ ਦਾ ਸਖ਼ਤੀ ਨਾਲ ਮੁਕਾਬਲਾ ਨਹੀਂ ਕਰ ਸਕਦੀ ਇਸ ਲਈ ਗੁਜਰਾਤ ਦੇ ਲੋਕਾਂ ਨੂੰ ਬੀ ਜੇ ਪੀ ਅਤੇ ਨਰੇਂਦਰ ਮੋਦੀ ਨੂੰ ਹੀ ਜਿਤਾਉਣਾ ਚਾਹੀਦਾ ਹੈ। ਇਹ ਉਹੀ ਨਰੇਂਦਰ ਮੋਦੀ ਹੈ ਜਿਸ ਦੀ ਸਰਕਾਰ ਨੇ 2002 ਵਿਚ ਹਜ਼ਾਰਾਂ ਹੀ ਬੇਕਸੂਰ ਮੁਸਲਮਾਨਾਂ ਦਾ ਕਤਲੇਆਮ ਕੀਤਾ ਸੀ।

ਦੂਜੇ ਪਾਸੇ ਕਾਂਗਰਸ ਦਾ ਵੀ ਇਹੋ ਦਾਅਵਾ ਸੀ ਕਿ ਕੇਂਦਰੀ ਸਰਕਾਰ ਕਿਉਂਕਿ ਕਾਂਗਰਸ ਅਤੇ ਉਸ ਦੇ ਜੋਟੀਦਾਰਾਂ ਦੀ ਹੈ ਇਸ ਲਈ ਇਸ ਸਰਕਾਰ ਨੇ ਹਿੰਦੁਸਤਾਨ ਦੀ ਤਰੱਕੀ ਲਈ ਬਹੁਤ ਕੁਝ ਕੀਤਾ ਹੈ ਅਤੇ ਇਸ ਦਾ ਫਾਇਦਾ ਗੁਜਰਾਤ ਨੂੰ ਵੀ ਮਿਲਿਆ ਹੈ ਇਸ ਕਰਕੇ ਲੋਕਾਂ ਨੂੰ ਕਾਂਗਰਸ ਨੂੰ ਵੋਟ ਪਾਉਣੀ ਚਾਹੀਦੀ ਹੈ। ਸੋਨੀਆ ਗਾਂਧੀ, ਮਨਮੋਹਨ ਸਿੰਘ ਅਤੇ ਹੋਰ ਕਾਂਗਰਸ ਦੇ ਆਗੂਆਂ ਨੇ ਨਰੇਂਦਰ ਮੋਦੀ ਨੂੰ ਮੌਤ ਦਾ ਸੌਦਾਗਰ, ਲੋਕਾਂ ਦਾ ਕਾਤਲ ਵਗੈਰਾ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਹਿੰਦੁਤਵ ਦਾ ਕੱਟੜਪੰਥੀ ਹੈ ਅਤੇ ਉਸਦੇ ਤਾਕਤ ਵਿਚ ਵਾਪਸ ਆਉਣ ਨਾਲ ਹਿੰਦੁਸਤਾਨ ਦੇ ਸੈਕੂਲਰਵਾਦ ਅਤੇ ਅਖੰਡਤਾ ਨੂੰ ਖ਼ਤਰਾ ਹੋਰ ਡੂੰਘਾ ਹੋ ਜਾਵੇਗਾ। ਇਹ ਉਹੀ ਕਾਂਗਰਸ ਪਾਰਟੀ ਹੈ ਜਿਸ ਨੇ 1984 ਵਿਚ ਹਜ਼ਾਰਾਂ ਹੀ ਸਿੱਖਾਂ ਦਾ ਕਤਲੇਆਮ ਦਿੱਲੀ ਵਿਚ ਕੀਤਾ ਸੀ ਅਤੇ ਪੰਜਾਬ ਵਿਚ ਵੀ ਜਿਸਨੇ ਹਜ਼ਾਰਾਂ ਹੀ ਨੌਜਵਾਨਾਂ ਦਾ ਕਤਲੇਆਮ ਕੀਤਾ ਸੀ।

ਕਾਂਗਰਸ ਪਾਰਟੀ ਅਤੇ ਬੀ ਜੇ ਪੀ ਦੋਨੋਂ ਹੀ ਕੱਟੜਵਾਦ ਅਤੇ ਮੂਲਵਾਦ ਦੇ ਖ਼ਿਲਾਫ਼  ਹੋਕਾ ਦਿੰਦੇ ਰਹੇ ਹਨ ਅਤੇ ਦੋਹਾਂ ਦੇ ਹੀ ਹੱਥ ਹਜ਼ਾਰਾਂ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਪਾਕਿਸਤਾਨ ਵਿਚ ਵੀ ਮੁਸ਼ੱਰਫ਼, ਬੇਨਜ਼ੀਰ ਅਤੇ ਅਮਰੀਕਨ ਸਾਮਰਾਜੀਏ ਕੱਟੜਵਾਦ ਅਤੇ  ਜਹਾਦੀਆਂ ਦੇ ਖ਼ਿਲਾਫ਼ ਨਾਅਰੇ ਲਾ ਰਹੇ ਹਨ ਅਤੇ ਡਿਵੈਲਪਮੈਂਟ ਦੇ ਸੋਹਲੇ ਗਾ ਰਹੇ ਹਨ। ਇਨ੍ਹਾਂ ਸਾਰਿਆਂ ਦੇ ਹੱਥ ਵੀ ਬੇਦੋਸੇ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਸਰਕਾਰੀ ਦਹਿਸ਼ਤਗਰਦੀ ਅਤੇ ਵਿਅਕਤੀਗਤ ਦਹਿਸ਼ਤਗਰਦੀ ਨੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ।

ਇਨ੍ਹਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਦਾ ਏਜੰਡਾ ਲੋਕਾਂ ਦੇ ਏਜੰਡੇ ਨਾਲੋਂ ਵੱਖਰਾ ਹੈ। ਲੋਕਾਂ ਦਾ ਏਜੰਡਾ ਹੈ ਕਿ ਉਨ੍ਹਾਂ ਨੂੰ ਅਦਾਲਤਾਂ ਵਿਚ ਇਨਸਾਫ ਮਿਲੇ, ਉਨ੍ਹਾਂ ਦੀ ਕਿਤੇ ਸੁਣਵਾਈ ਹੋਵੇ। ਲੋਕ ਮੰਗਦੇ ਹਨ ਕਿ ਉੱਨਾਂ ਦੇ ਕੁੱਲੀ, ਗੁੱਲੀ ਅਤੇ ਜੁੱਲੀ ਦੇ ਮਸਲੇ ਹੱਲ ਹੋਣ। ਉਹ ਪੀਣ ਲਈ ਸਾਫ਼ ਪਾਣੀ ਅਤੇ ਸਿਹਤਮੰਦ ਰਹਿਣ ਦੇ ਵਸੀਲੇ ਭਾਲਦੇ ਹਨ। ਉਹ ਇੱਜ਼ਤ ਅਤੇ ਮਾਣ ਦੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ।

ਪਰ ਇਨ੍ਹਾਂ ਸਿਆਸੀ ਪਾਰਟੀਆਂ ਦਾ ਏਜੰਡਾ ਉਹ ਨਹੀਂ ਜਿਹੜਾ ਲੋਕਾਂ ਦਾ ਏਜੰਡਾ ਹੈ। ਮਿਸਾਲ ਦੇ ਤੌਰ ਤੇ ਕਾਂਗਰਸ ਨੇ ਪਿਛਲੇ ਸੱਠ ਸਾਲਾਂ ਵਿਚ ਜ਼ਿਆਦਾ ਅਰਸਾ ਹਿੰਦੁਸਤਾਨ ਤੇ ਰਾਜ ਕੀਤਾ ਹੈ। ਪਰ ਇਸਨੇ ਕਦੇ ਵੀ ਲੋਕਾਂ ਦਾ ਏਜੰਡਾ ਅਮਲ ਵਿਚ ਨਹੀਂ ਲਿਆਂਦਾ ਭਾਵੇਂ ਨਾਅਰਾ ਸੋਸ਼ਲਿਜ਼ਮ ਦਾ ਸੀ ਜਾਂ ਲਿਬਰਲਾਈਜ਼ੇਸ਼ਨ ਦਾ ਸੀ। ਦੱਸਿਆ ਜਾਂਦਾ ਹੈ ਕਿ ਹਿੰਦੁਸਤਾਨ ਵਿਚ ੭੫ ਕਰੋੜ ਦੇ ਕਰੀਬ ਲੋਕਾਂ ਨੂੰ ਰੋਜ਼ੀ ਰੋਟੀ ਲੱਭਣੀ ਵਿਚ ਵੀ ਮੁਸ਼ਕਲ ਹੈ। ਇਸੇ ਤਰਾਂ ਬੀ ਜੇ ਪੀ ਵੀ ਭਾਵੇਂ ਵੈਦਿਕ ਸੋਸ਼ਲਿਜ਼ਮ ਦਾ ਜਾਂ ਸੁਦੇਸ਼ੀ ਦਾ ਨਾਅਰਾ  ਲਾ ਕੇ ਕੇਂਦਰ ਅਤੇ ਹੋਰਨਾਂ ਸੂਬਿਆਂ ਵਿਚ ਤਾਕਤ ਵਿਚ ਰਹੀ ਹੈ ਪਰ ਇਸਨੇ ਵੀ ਲੋਕਾਂ ਦੇ ਏਜੰਡੇ ਨੂੰ ਅਮਲ ਵਿਚ ਨਹੀਂ ਲਿਆਂਦਾ। ਬਲਕਿ ਇਨ੍ਹਾਂ ਦੋਹਾਂ ਪਾਰਟੀਆਂ ਨੇ ਲੋਕਾਂ ਤੇ ਵੱਖੋ ਵੱਖੀ ਜਾਂ ਰਲ ਮਿਲਕੇ ਜ਼ੁਲਮ ਹੀ ਢਾਏ ਹਨ। ਮਿਸਾਲ ਦੇ ਤੌਰ ਤੇ ਜਦੋਂ ਕਾਂਗਰਸ ਸਰਕਾਰ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਸੀ ਤਾਂ ਬੀ ਜੇ ਪੀ, ਸੀ ਪੀ ਆਈ, ਸੀ ਪੀ ਆਈ (ਐਮ) ਵਰਗੀਆਂ ਪਾਰਟੀਆਂ ਇੰਦਰਾ ਗਾਂਧੀ ਦੇ ਨਾਲ ਹੀ ਸਨ। ਜਦੋਂ 1992 ਵਿਚ ਅਯੋਧਿਆ ਵਿਚ ਬਜਰੰਗ ਦਲ, ਬੀ ਜੇ ਪੀ ਅਤੇ ਹੋਰਨਾਂ ਨੇ ਗੁੰਡਾਗਰਦੀ ਕਰਕੇ ਬਾਬਰੀ ਮਸਜਿਦ ਢਾਈ ਸੀ ਤਾਂ ਨਰਸਿਮਹਾ ਰਾਉ ਦੀ ਕਾਂਗਰਸ ਸਰਕਾਰ ਦੀ ਸਲਾਹ ਵੀ ਨਾਲ ਹੀ ਸੀ। ਸਰਕਾਰ ਨੂੰ ਬਹੁਤ ਪਹਿਲਾਂ ਦਾ ਪਤਾ ਸੀ ਕਿ ਇਹ ਮਸਜਿਦ ਢਾਉਣ ਦੀਆਂ ਸਾਜ਼ਿਸ਼ਾਂ ਚਲ ਰਹੀਆਂ ਹਨ ਪਰ ਕੇਂਦਰੀ  ਨਰਸਿਮਹਾ ਰਾਉ ਦੀ ਸਰਕਾਰ ਨੇ ਇਸ ਨੂੰ ਰੋਕਣ ਲਈ ਕੱਖ ਵੀ ਨਹੀਂ ਸੀ ਕੀਤਾ। ਸਰਕਾਰ ਦਾ ਸਾਰਾ ਬੰਦੋਬਸਤ ਅਤੇ ਅਮਲਾ ਬਿਲਕੁਲ ਹੱਥ ਤੇ ਹੱਥ ਧਰ ਕੇ ਹੀ ਬੈਠਾ ਰਿਹਾ ਅਤੇ ਉਸ ਵੇਲੇ ਦੇ ਕੇਂਦਰੀ ਗ੍ਰਿਹ ਮੰਤਰੀ ਚਵਾਨ ਨੇ ਕਈ ਮੁਲਾਕਾਤਾਂ ਬਾਅਦ ਕਿਹਾ ਕਿ ਬੀ ਜੇ ਪੀ ਦੇ ਲੀਡਰਾਂ ਅਤੇ ਬਜਰੰਗ ਦਲ ਦੇ ਆਗੂਆਂ ਨੇ ਉਸਦੀ ਤਸੱਲੀ ਕਰਾ ਦਿੱਤੀ ਹੈ ਅਤੇ ਯਕੀਨ ਦੁਆਇਆ ਹੈ ਕਿ ਅਯੋਧਿਆ ਵਿਚ ਕੋਈ ਭੈੜੀ ਗੱਲ ਨਹੀਂ ਹੋਵੇਗੀ। ਪਰ ਬਾਬਰੀ ਮਸਜਿਦ ਢਾਈ ਗਈ, ਹਿੰਦੁਸਤਾਨ ਦੇ ਹੋਰਨਾਂ ਸ਼ਹਿਰਾਂ ਵਿਚ ਸਰਕਾਰ ਅਤੇ ਇਸਦੇ ਗੁੰਡਿਆਂ ਨੇ ਫਿਰਕੂ ਕਤਲੇਆਮ ਜਥੇਬੰਦ ਕੀਤੇ ਅਤੇ ਹਜ਼ਾਰਾਂ ਹੀ ਲੋਕ ਮਾਰੇ ਗਏ।

ਲੋਕਾਂ ਦੇ ਏਜੰਡੇ ਅਤੇ ਸਿਆਸੀ ਪਾਰਟੀਆਂ ਦੇ ਏਜੰਡੇ ਵਿਚ ਬਹੁਤ ਫ਼ਰਕ ਹੈ। ਸਿਆਸੀ ਪਾਰਟੀਆਂ ਦਾ ਏਜੰਡਾ ਲੋਕਾਂ ਦੇ ਏਜੰਡੇ ਤੋਂ ਉਲਟ ਹੈ। ਸਿਆਸੀ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਦਾ ਏਜੰਡਾ ਸਿਰਫ਼ ਤਾਕਤ ਵਿਚ ਆ ਕੇ ਹਾਕਮ ਟੋਲੇ ਦਾ ਪੱਖ ਪੂਰਨਾ ਹੈ। ਪਰ ਕਿਉਂਕਿ ਲੋਕ ਇਹ ਨਹੀਂ ਚਾਹੁੰਦੇ ਅਤੇ ਇਸ ਲਈ ਜਦ ਇਸ ਦੀ ਮੁਖ਼ਾਲਫ਼ਤ ਕਰਦੇ ਹਨ ਤਾਂ ਉਨ੍ਹਾਂ ਤੇ ਜ਼ੁਲਮ ਕੀਤਾ ਜਾਂਦਾ ਹੈ। ਪੱਛਮੀ ਬੰਗਾਲ ਵਿਚ ਸਿੰਗੁਰ ਅਤੇ ਨੰਦੀਗਰਾਮ ਵਿਚ ਇਹ ਗੱਲ ਇਕ ਬਾਰ ਫਿਰ ਸਾਫ ਹੋ ਗਈ ਹੈ। ਬੰਗਾਲ ਦੀ ਸੀ ਪੀ ਆਈ (ਐਮ) ਦੀ ਸਰਕਾਰ ਟਾਟੇ ਅਤੇ ਸਲੀਮ ਗਰੁੱਪ ਨੂੰ ਲੋਕਾਂ ਦੀ ਹਜ਼ਾਰਾਂ ਹੀ ਏਕੜ ਜ਼ਮੀਨ ਦੇਣ ਦੀ ਸਾਜ਼ਿਸ਼ ਕਰ ਰਹੀ ਹੈ। ਲੋਕ ਇਸ ਦੇ ਉਲਟ ਹਨ। ਇਸ ਲਈ ਬਹੁਤ ਹੀ ਬੇ ਰਹਿਮੀ ਨਾਲ ਪੁਲਿਸ ਅਤੇ ਸੀ ਪੀ ਆਈ (ਐਮ) ਦੇ ਗੁੰਡਿਆਂ ਨੇ ਲੋਕਾਂ ਤੇ ਤਸ਼ੱਦਦ ਢਾਇਆ ਹੈ।

ਲੋਕਾਂ ਨੂੰ ਆਪਣਾ ਏਜੰਡਾ ਆਪ ਹੀ ਅਮਲ ਵਿਚ ਲਿਆਉਣਾ ਪਵੇਗਾ। ਉਹ ਕਿਸੇ ਵੀ ਸਿਆਸੀ ਪਾਰਟੀ ਤੇ ਵਸਾਹ ਨਹੀਂ ਕਰ ਸਕਦੇ ਕਿ ਉਹ ਸਿਆਸੀ ਪਾਰਟੀ ਤਾਕਤ ਵਿਚ ਆ ਕੇ ਉਨ੍ਹਾਂ ਦੇ ਏਜੰਡੇ ਨੂੰ ਅਮਲ ਵਿਚ ਲਿਆਏਗੀ। ਉਹ ਆਪਣੇ ਏਜੰਡੇ ਨੂੰ ਆਪ ਹੀ ਅਮਲ ਵਿਚ ਲਿਆ ਸਕਦੇ ਹਨ। ਇਹ ਤਾਕਤ ਉਨ੍ਹਾਂ ਦੇ ਹੱਥ ਵਿਚ ਹੈ। ਇਹ ਤਾਕਤ ਉਨ੍ਹਾਂ ਨੂੰ ਕਿਸੇ ਹੋਰ ਨੂੰ ਦੇਣ ਦੀ ਕੋਈ ਲੋੜ ਨਹੀਂ। ਸਿਆਸੀ ਪਾਰਟੀਆਂ ਦਾ ਏਜੰਡਾ ਇਹੋ ਹੀ ਹੈ ਕਿ ਚੋਣਾ ਰਾਹੀਂ ਲੋਕਾਂ ਤੋਂ ਤਾਕਤ ਖੋਹ ਕੇ ਵੱਡੇ ਵਡੇਰਿਆਂ ਦੇ ਹਿਤ ਪੂਰੇ ਕਰਨ। ਇਸ ਤੋਂ ਇਲਾਵਾ ਇਨ੍ਹਾਂ ਦਾ ਹੋਰ ਕੋਈ ਏਜੰਡਾ ਹੈ ਹੀ ਨਹੀਂ।